**ADA: ਸ਼ਿਕਾਇਤ ਪ੍ਰਕਿਰਿਆ**
**ADA: Compliant Process**

ਸੈਂਟਾ ਕਲੈਰਾ ਵੈਲੀ ਟਰਾਂਸਪੋਰਟੇਸ਼ਨ ਅਥਾਰਿਟੀ (Santa Clara Valley Transportation Authority) (VTA) ਸਾਰੇ ਨਾਗਰਿਕਾਂ ਨੂੰ ਆਪਣੀਆਂ ਆਵਾਜਾਈ ਸੇਵਾਵਾਂ ਤੱਕ ਬਰਾਬਰ ਪਹੁੰਚ ਪ੍ਰਦਾਨ ਕਰਦੀ ਹੈ।

ਇਹ ਸ਼ਿਕਾਇਤ-ਸਮਾਧਾਨ ਕਾਰਜਵਿਧੀ (Grievance Procedure) 1990 ਦੇ ਅਪੰਗਤਾਵਾਂ ਵਾਲੇ ਅਮਰੀਕੀਆਂ ਦੇ ਕਾਨੂੰਨ ("ADA") ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਥਾਪਿਤ ਕੀਤੀ ਗਈ ਹੈ। ਇਹ ਅਜਿਹੇ ਕਿਸੇ ਵਿਅਕਤੀ ਦੁਆਰਾ ਵਰਤੀ ਜਾ ਸਕਦੀ ਹੈ ਜੋ VTA ਦੁਆਰਾ ਸੇਵਾਵਾਂ, ਸਰਗਰਮੀਆਂ, ਪ੍ਰੋਗਰਾਮਾਂ, ਜਾਂ ਫਾਇਦਿਆਂ ਦੀ ਵਿਵਸਥਾ ਵਿੱਚ ਅਪੰਗਤਾ ਦੇ ਆਧਾਰ ਉੱਤੇ ਪੱਖਪਾਤ ਦੀ ਦਲੀਲ ਪੇਸ਼ ਕਰ ਰਹੀ ਸ਼ਿਕਾਇਤ ਦਾਇਰ ਕਰਨਾ ਚਾਹੁੰਦਾ ਹੈ। VTA ਦੀ ਕਰਮਚਾਰੀ-ਵਰਗ ਦੀ ਨੀਤੀ (Personnel Policy) ਅਪੰਗਤਾ ਦੇ ਪੱਖਪਾਤ ਦੀਆਂ ਰੁਜ਼ਗਾਰ-ਸਬੰਧੀ ਸ਼ਿਕਾਇਤਾਂ ਦਾ ਨਿਯੰਤ੍ਰਣ ਕਰਦੀ ਹੈ।

**ਇੱਕ ਸ਼ਿਕਾਇਤ ਦਾਇਰ ਕਰਨਾ**

ਸ਼ਿਕਾਇਤ ਨੂੰ ਕਥਿਤ ਪੱਖਪਾਤੀ ਘਟਨਾ ਦੇ 180 ਕੈਲੰਡਰ ਦਿਨਾਂ ਦੇ ਅੰਦਰ ਦਾਇਰ ਕਰਨਾ ਲਾਜ਼ਮੀ ਹੈ। ਤਰਜੀਹੀ ਤਰੀਕਾ ਹੈ, ADA ਸ਼ਿਕਾਇਤ ਫਾਰਮ (ਹੇਠਾਂ ਪ੍ਰਦਾਨ ਕੀਤਾ ਗਿਆ ਹੈ) ਵਰਤ ਕੇ ਲਿਖਤ ਵਿੱਚ ਸ਼ਿਕਾਇਤ ਦਾਇਰ ਕਰਨਾ, ਅਤੇ ਇਸਨੂੰ ਇੱਥੇ ਭੇਜਣਾ:

ADA ਕੋਆਰਡੀਨੇਟਰ
ਵਿਭਿੰਨਤਾ ਅਤੇ ਸਮਾਵੇਸ਼ ਦਾ ਦਫ਼ਤਰ (Office of Diversity and Inclusion)
ਸੈਂਟਾ ਕਲੈਰਾ ਵੈਲੀ ਟਰਾਂਸਪੋਰਟੇਸ਼ਨ ਅਥਾਰਿਟੀ (Santa Clara Valley Transportation Authority)
3331 North First Street, B1
San Jose, CA 95134
(408) 321-2300
www.vta.org

ਮੂੰਹ-ਜ਼ਬਾਨੀ ਸ਼ਿਕਾਇਤਾਂ ਸਵੀਕਾਰ ਕੀਤੀਆਂ ਜਾਣਗੀਆਂ ਅਤੇ (408) 321-2300 'ਤੇ VTA ਦੇ ਗਾਹਕ ਸੇਵਾ ਕੇਂਦਰ ਨਾਲ ਸੰਪਰਕ ਕਰਕੇ ਅਨੁਵਾਦ ਕੀਤੀਆਂ ਜਾਣਗੀਆਂ। ਸ਼ਿਕਾਇਤਾਂ ਬਾਹਰੀ ਅਦਾਰਿਆਂ ਨੂੰ ਵੀ ਦਾਇਰ ਕੀਤੀਆਂ ਜਾ ਸਕਦੀਆਂ ਹਨ, ਜਿਵੇਂ ਕਿ ਫੈਡਰਲ ਟਰਾਂਜ਼ਿਟ ਐਡਮਿਨਿਸਟਰੇਸ਼ਨ (Federal Transit Administration), ਈਕਵਿਲ ਇਮਪਲਾਇਮੈਂਟ ਅਪਰਚਿਊਨਿਟੀ ਕਮਿਸ਼ਨ (Equal Employment Opportunity Commission), ਜਾਂ ਡਿਪਾਰਟਮੈਂਟ ਆਫ ਫੇਅਰ ਇਮਪਲਾਇਮੈਂਟ ਐਂਡ ਹਾਊਜ਼ਿੰਗ (Department of Fair Employment and Housing)। ਕਿਰਪਾ ਕਰਕੇ ADA ਸ਼ਿਕਾਇਤਾਂ ਨੂੰ ਦਾਇਰ ਕਰਨ ਉੱਤੇ ਵੇਰਵਿਆਂ ਲਈ ਸਬੰਧਤ ਏਜੰਸੀ ਦੀਆਂ ਵੈੱਬਸਾਈਟਾਂ ਉੱਤੇ ਜਾਣਕਾਰੀ ਦੀ ਸਮੀਖਿਆ ਕਰੋ।

ਜੇਕਰ ਕੋਈ ਸ਼ਿਕਾਇਤ VTA ਅਤੇ ਕਿਸੇ ਬਾਹਰੀ ਅਦਾਰੇ ਦੇ ਨਾਲ ਇੱਕੋ ਸਮੇਂ ਤੇ ਦਾਇਰ ਕਰਨੀ ਹੁੰਦੀ ਹੈ ਤਾਂ ਬਾਹਰੀ ਸ਼ਿਕਾਇਤ, VTA ਸ਼ਿਕਾਇਤ ਨੂੰ ਮਨਸੂਖ ਕਰ ਦਏਗੀ। ਹਾਲਾਂਕਿ, VTA ਸ਼ਿਕਾਇਤ ਦੀ ਆਪਣੀ ਪੜਤਾਲ ਨੂੰ ਜਾਰੀ ਰੱਖੇਗਾ ਅਤੇ ਨਤੀਜਿਆਂ ਨੂੰ ਉਪਲਬਧ ਕਰਾਏਗਾ।

**ਪੜਤਾਲਾਂ**

ਰਸਮੀ ਸ਼ਿਕਾਇਤ ਪ੍ਰਾਪਤ ਹੋਣ ਦੇ 10 ਕਾਰਜਸ਼ੀਲ ਦਿਨਾਂ ਦੇ ਅੰਦਰ, ADA ਕੋਆਰਡੀਨੇਟਰ ਸ਼ਿਕਾਇਤ ਕਰਤਾ ਨੂੰ ਖ਼ਬਰ ਦਏਗਾ ਅਤੇ ਪੜਤਾਲ ਸ਼ੁਰੂ ਕਰੇਗਾ।

ਪੜਤਾਲਾਂ ਕਿਸੇ VTA ਵਿਭਾਗ(ਗਾਂ) ਦੇ ਖਿਲਾਫ਼ ਸ਼ਿਕਾਇਤਾਂ ਦਾ ਨਿਪਟਾਰਾ ਕਰਣਗੀਆਂ। ਪੜਤਾਲ ਇਮਪਲੋਈ ਰਿਲੇਸ਼ਨਜ ਡਿਪਾਰਟਮੈਂਟ ਦੇ ਨਾਲ ਮਿਲਕੇ ਅਤੇ ਉਹਨਾਂ ਦੀ ਸਲਾਹ ਤਹਿਤ ਚਲਾਈ ਜਾਵੇਗੀ।

ਪੜਤਾਲ ਵਿੱਚ ਸਾਰੀਆਂ ਪ੍ਰਭਾਵਿਤ ਧਿਰਾਂ ਦੇ ਨਾਲ ਸ਼ਿਕਾਇਤ ਦੀ ਚਰਚਾ(ਵਾਂ) ਸ਼ਾਮਲ ਹੋ ਸਕਦੀ ਹੈ, ਤਾਂ ਜੋ ਸਮੱਸਿਆ ਦਾ ਪਤਾ ਲਗਾਇਆ ਜਾਵੇ। ਸ਼ਿਕਾਇਤ ਕਰਤਾ ਨੂੰ ਕਿਸੇ ਅਟਾਰਨੀ ਜਾਂ ਉਸਦੀ ਪਸੰਦ ਦੇ ਕਿਸੇ ਨੁਮਾਇੰਦੇ ਦੁਆਰਾ ਪੇਸ਼ ਕੀਤਾ ਜਾ ਸਕਦਾ ਹੈ ਅਤੇ ਉਹ ਪੜਤਾਲ ਦੇ ਕ੍ਰਮ ਵਿੱਚ ਗਵਾਹਾਂ ਨੂੰ ਲਿਆ ਸਕਦਾ ਅਤੇ ਪ੍ਰਮਾਣ ਅਤੇ ਸਬੂਤ ਪੇਸ਼ ਕਰ ਸਕਦਾ ਹੈ।

ਪੜਤਾਲ ਰਸਮੀ ਸ਼ਿਕਾਇਤ ਦੇ ਪ੍ਰਾਪਤ ਹੋਣ ਦੇ 60 ਦਿਨਾਂ ਦੇ ਅੰਦਰ ਚਲਾਈ ਅਤੇ ਪੂਰੀ ਕੀਤੀ ਜਾਵੇਗੀ।

ਪ੍ਰਾਪਤ ਕੀਤੀ ਸਾਰੀ ਜਾਣਕਾਰੀ ਦੇ ਆਧਾਰ ਉੱਤੇ, ADA ਕੋਆਰਡੀਨੇਟਰ ਦੁਆਰਾ ਚੀਫ ਐਡਮਿਨਿਸਟਰੇਟਿਵ ਆਫੀਸਰ ਨੂੰ ਸੌਂਪਣ ਵਾਸਤੇ ਇੱਕ ਪੜਤਾਲ ਰਿਪੋਰਟ ਲਿਖੀ ਜਾਵੇਗੀ।

ਸ਼ਿਕਾਇਤ ਕਰਤਾ ਇੱਕ ਪੱਤਰ ਪ੍ਰਾਪਤ ਕਰੇਗਾ ਜਿਸ ਵਿੱਚ ਦੱਸਿਆ ਜਾਵੇਗਾ ਕਿ ਅੰਤਿਮ ਫੈਸਲਾ 60 ਦਿਨਾਂ ਦੀ ਸਮਾਂ ਸੀਮਾ ਦੇ ਅੰਤ ਤੱਕ ਆਵੇਗਾ। ਜ਼ਿਆਦਾਤਰ ਪੜਤਾਲਾਂ 30 ਦਿਨਾਂ ਦੇ ਅੰਦਰ ਪੂਰੀਆਂ ਕਰ ਲਈਆਂ ਜਾਂਦੀਆਂ ਹਨ।

ਸ਼ਿਕਾਇਤ ਕਰਤਾ ਨੂੰ ਫੈਸਲੇ ਦੀ ਅਪੀਲ ਕਰਨ ਦੇ ਉਸਦੇ ਅਧਿਕਾਰ ਦੀ ਖ਼ਬਰ ਦਿੱਤੀ ਜਾਵੇਗੀ। ਅਪੀਲਾਂ ਫੈਡਰਲ ਟਰਾਂਜਿਟ ਐਡਮਿਨਿਸਟਰੇਸ਼ਨ (Federal Transit Administration), ਈਕਵਿਲ ਇਮਪਲਾਇਮੈਂਟ ਅਪਰਚਿਊਨਿਟੀ ਕਮਿਸ਼ਨ (Equal Employment Opportunity Commission), ਜਾਂ ਡਿਪਾਰਟਮੈਂਟ ਆਫ ਫੇਅਰ ਇਮਪਲਾਇਮੈਂਟ ਐਂਡ ਹਾਊਜ਼ਿੰਗ (Department of Fair Employment and Housing) ਨੂੰ ਕੀਤੀਆਂ ਜਾ ਸਕਦੀਆਂ ਹਨ।

ADA ਕੋਆਰਡੀਨੇਟਰ ਜਾਂ ਇਸਦੇ ਮਨੋਨੀਤ ਵਿਅਕਤੀ ਦੁਆਰਾ ਪ੍ਰਾਪਤ ਕੀਤੀਆਂ ਸਾਰੀਆਂ ਲਿਖਤ ਸ਼ਿਕਾਇਤਾਂ, ਫੈਡਰਲ ਟਰਾਂਜਿਟ ਐਡਮਿਨਿਸਟਰੇਸ਼ਨ (Federal Transit Administration), ਈਕਵਿਲ ਇਮਪਲਾਇਮੈਂਟ ਅਪਰਚਿਊਨਿਟੀ ਕਮਿਸ਼ਨ (Equal Employment Opportunity Commission), ਜਾਂ ਡਿਪਾਰਟਮੈਂਟ ਆਫ ਫੇਅਰ ਇਮਪਲਾਇਮੈਂਟ ਐਂਡ ਹਾਊਜ਼ਿੰਗ (Department of Fair Employment and Housing) ਨੂੰ ਕੀਤੀਆਂ ਅਪੀਲਾਂ, ਅਤੇ ਇਹਨਾਂ ਦਫ਼ਤਰਾਂ ਵਲੋਂ ਜਵਾਬ VTA ਦੁਆਰਾ ਘੱਟੋ-ਘੱਟ ਤਿੰਨ ਸਾਲਾਂ ਲਈ ਰੱਖੇ ਜਾਣਗੇ।

**ADA ਸ਼ਿਕਾਇਤ ਫਾਰਮ (ADA COMPLAINT FORM)**

## ਅਪੰਗਤਾਵਾਂ ਵਾਲੇ ਅਮਰੀਕੀਆਂ ਲਈ ਕਾਨੂੰਨ ਸ਼ਿਕਾਇਤ ਫਾਰਮ

## Americans with Disabilities Act Complaint Form

## ਸੈਂਟਾ ਕਲੈਰਾ ਵੈਲੀ ਟਰਾਂਸਪੋਰਟੇਸ਼ਨ ਅਥਾਰਟੀ

## Santa Clara Valley Transportation Authority (VTA)

VTA ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਕਿਸੇ ਵੀ ਵਿਅਕਤੀ ਨੂੰ ਉਸ ਦੀਆਂ ਅਪੰਗਤਾਵਾਂ ਦੇ ਆਧਾਰ ਉੱਤੇ ਇਸ ਦੀਆਂ ਸੇਵਾਵਾਂ, ਪ੍ਰੋਗਰਾਮਾਂ, ਜਾਂ ਸਰਗਰਮੀਆਂ ਤੱਕ ਪਹੁੰਚ ਲਈ ਇਨਕਾਰ ਨਹੀਂ ਕੀਤਾ ਜਾਂਦਾ, ਜਿਵੇਂ 1990 ਦੇ Americans with Disabilities Act (ਅਪੰਗਤਾਵਾਂ ਵਾਲੇ ਅਮਰੀਕੀਆਂ ਲਈ ਕਾਨੂੰਨ) ("ADA") ਦੇ ਟਾਈਟਲ II ਦੁਆਰਾ ਪ੍ਰਦਾਨ ਕੀਤਾ ਗਿਆ ਹੈ। ADA ਦੀਆਂ ਸ਼ਿਕਾਇਤਾਂ ਨੂੰ ਕਥਿਤ ਘਟਨਾ ਦੀ ਤਾਰੀਖ਼ ਤੋਂ 180 ਦਿਨਾਂ ਦੇ ਅੰਦਰ ਦਾਇਰ ਕਰਨਾ ਲਾਜ਼ਮੀ ਹੈ।

ਤੁਹਾਡੀ ਸ਼ਿਕਾਇਤ ਉੱਤੇ ਕਾਰਵਾਈ ਕਰਨ ਵਿੱਚ ਸਾਡੀ ਸਹਾਹਿਤਾ ਕਰਨ ਲਈ ਹੇਠਾਂ ਦਿੱਤੀ ਜਾਣਕਾਰੀ ਜ਼ਰੂਰੀ ਹੈ। ਜੇ ਤੁਹਾਨੂੰ ਇਹ ਫਾਰਮ ਪੂਰਾ ਕਰਨ ਵਿੱਚ ਕੋਈ ਮਦਦ ਚਾਹੀਦੀ ਹੈ, ਜਾਂ ਜੇ ਤੁਸੀਂ ਇੱਕ ਮੂੰਹ-ਜ਼ਬਾਨੀ ਸ਼ਿਕਾਇਤ ਦਰਜ ਕਰਨਾ ਚਾਹੋਗੇ, ਤਾਂ ਕਿਰਪਾ ਕਰਕੇ (408) 321-2300 'ਤੇ ਕਾਲ ਕਰਕੇ ADA ਕੋਆਰਡੀਨੇਟਰ ਦੇ ਨਾਲ ਸੰਪਰਕ ਕਰੋ। ਪੂਰਾ ਕੀਤਾ ਫਾਰਮ ADA ਕੋਆਰਡੀਨੇਟਰ ਨੂੰ 3331 North First Street, Building B-1, San Jose, CA 95134 'ਤੇ ਵਾਪਸ ਭੇਜਣਾ ਲਾਜ਼ਮੀ ਹੈ।

| | |
|---|---|
| ਸ਼ਿਕਾਇਤ ਕਰਤਾ:<br>Complainant: | ਫ਼ੋਨ:<br>Phone: |
| ਸਟਰੀਟ ਦਾ ਪਤਾ:<br>Street Address: | ਵਿਕਲਪਕ ਫ਼ੋਨ:<br>Alt Phone: |
| | ਸ਼ਹਿਰ, ਪ੍ਰਾਂਤ, ਜ਼ਿਪ ਕੋਡ<br>City, State, Zip Code |
| ਸ਼ਿਕਾਇਤ ਤਿਆਰ ਕਰ ਰਿਹਾ ਵਿਅਕਤੀ (ਜੇ ਸ਼ਿਕਾਇਤ ਕਰਤਾ ਤੋਂ ਵੱਖਰਾ ਹੈ):<br>Person Preparing Complaint (if different from Complainant): | |
| ਸਟਰੀਟ ਦਾ ਪਤਾ, ਸ਼ਹਿਰ, ਪ੍ਰਾਂਤ, ਜ਼ਿਪ ਕੋਡ<br>Street Address, City, State, Zip Code | |

ਘਟਨਾ ਦੀ ਤਾਰੀਖ਼ (Date of Incident):________________________

ਲਾਗੂ ਹੋਣ 'ਤੇ, ਕਿਰਪਾ ਕਰਕੇ ਥਾਂ(ਵਾਂ) ਸਮੇਤ, ਕਥਿਤ ਪੱਖਪਾਤੀ ਘਟਨਾ ਦਾ ਵਰਣਨ ਕਰੋ,। ਉਪਲਬਧ ਹੋਣ 'ਤੇ, ਇਸ ਵਿੱਚ ਸ਼ਾਮਲ VTA ਕਰਮਚਾਰੀਆਂ ਦੇ ਨਾਮ ਅਤੇ ਟਾਈਟਲ ਪ੍ਰਦਾਨ ਕਰੋ।

________________________________________________________________________

________________________________________________________________________

________________________________________________________________________

________________________________________________________________________

ਅਗਲੇ ਪੰਨੇ 'ਤੇ ਜਾਰੀ

ਘਟਨਾ ਦਾ ਵਰਣਨ ਜਾਰੀ:

____________________________________________________________

____________________________________________________________

____________________________________________________________

____________________________________________________________

____________________________________________________________

____________________________________________________________

____________________________________________________________

ਕੀ ਤੁਸੀਂ ਕਿਸੇ ਹੋਰ ਸੰਘੀ, ਪ੍ਰਾਂਤਕ, ਜਾਂ ਸਥਾਨਕ ਏਜੰਸੀਆਂ ਦੇ ਨਾਲ ਸ਼ਿਕਾਇਤ ਦਾਇਰ ਕੀਤੀ ਹੈ? ਹਾਂ/ਨਹੀਂ (ਕਿਸੇ ਇੱਕ 'ਤੇ ਚੱਕਰ ਲਗਾਓ)।
ਜੇ ਅਜਿਹਾ ਹੈ, ਤਾਂ ਏਜੰਸੀ/ਏਜੰਸੀਆਂ ਅਤੇ ਉਹਨਾਂ ਦੀ ਸੰਪਰਕ ਜਾਣਕਾਰੀ ਹੇਠਾਂ ਦੱਸੋ:

____________________________________________________________

ਏਜੰਸੀ Agency — ਸੰਪਰਕ ਨਾਮ Contact Name

____________________________________________________________

ਸਟਰੀਟ ਦਾ ਪਤਾ, ਸ਼ਹਿਰ, ਪ੍ਰਾਂਤ, ਜ਼ਿਪ ਕੋਡ Street Address, City, State, Zip Code — ਫ਼ੋਨ Phone

____________________________________________________________

ਏਜੰਸੀ Agency — ਸੰਪਰਕ ਨਾਮ Contact Name

____________________________________________________________

ਸਟਰੀਟ ਦਾ ਪਤਾ, ਸ਼ਹਿਰ, ਪ੍ਰਾਂਤ, ਜ਼ਿਪ ਕੋਡ Street Address, City, State, Zip Code — ਫ਼ੋਨ Phone

ਮੈਂ ਪੁਸ਼ਟੀ ਕਰਦਾ/ਕਰਦੀ ਹਾਂ ਕਿ ਮੈਂ ਉੱਪਰ ਦੱਸੇ ਦੋਸ਼ ਨੂੰ ਪੜ੍ਹ ਲਿਆ ਹੈ ਅਤੇ ਇਹ ਮੇਰੇ ਸਰਬੋਤਮ ਗਿਆਨ, ਜਾਣਕਾਰੀ, ਅਤੇ ਵਿਸ਼ਵਾਸ ਮੁਤਾਬਕ ਸੱਚਾ ਹੈ।

______________________________ ____________________________

ਸ਼ਿਕਾਇਤ ਕਰਤਾ ਦੇ ਦਸਤਖਤ Complaintant’s Signature — ਤਾਰੀਖ਼ Date

______________________________

ਸ਼ਿਕਾਇਤ ਕਰਤਾ ਦਾ ਨਾਮ ਪ੍ਰਿੰਟ ਜਾਂ ਟਾਈਪ ਕਰੋ
Print or Type Name of Complainant

ਪ੍ਰਾਪਤ ਕਰਨ ਦੀ ਤਾਰੀਖ਼: ________________________
Date Recieved:

ਇਹਨਾਂ ਦੁਆਰਾ ਪ੍ਰਾਪਤ ਕੀਤਾ ਗਿਆ: ____________________
Received By: